ਸਾਲ-1 ਅੰਕ 125
ਪੰਨੇ 12-4-4-20
ਜਲੰਧਰ, ਸ਼ੁੱਕਰਵਾਰ
21 ਅਕਤੂਬਰ, 2011
ਅੰਮ੍ਰਿਤਸਰ
ਕੀਮਤ ₹ 2.00

# ਪੰਜਾਬੀ ਜਾਗਰਣ



ਅਰੁਣਾਚਲ ਪ੍ਰਦੇਸ਼ ਮਾਮਲੇ 'ਤੇ ਸਮਝੌਤਾ ਨਹੀਂ : ਅਡਵਾਨੀ 2 • ਸ੍ਰੀਦੇਵੀ ਦੀ ਫਿਲਮ ਤਮਿਲ ਅਤੇ ਤੇਲਗੂ ਵਿਚ ਵੀ 9

www.punjabijagran.com
5 ਕੱਤਕ, ਨਾਨਕਸ਼ਾਹੀ ਸੰਮਤ : 543 • 5 ਕੱਤਕ ਬਿਕ੍ਰਮੀ ਸੰਮਤ 2068

# ਮੈਲਬੌਰਨ 'ਚ ਲੱਗੀਆਂ ਰੌਣਕਾਂ

## ਭਾਰਤੀ ਪ੍ਰਸੰਨ

**▸ ਦੀਵਾਲੀ ਨੂੰ ਲੈ ਕੇ ਹੋ ਰਹੀ ਸਰਗਰਮੀ**

ਯੁੱਧਵੀਰ ਸਿੰਘ, ਮੈਲਬੌਰਨ

**ਸੈਲੀਬ੍ਰੇਟ ਇੰਡੀਆ** ਮੈਲਬੌਰਨ ਨੇ ਭਾਰਤੀਆਂ ਦੇ ਸਭ ਸਾਂਝੇ ਤਿਉਹਾਰ ਦੀਵਾਲੀ ਦੇ ਸਬੰਧ ਵਿਚ ਮੈਲਬੌਰਨ ਵਿਚ ਜਸ਼ਨ ਸ਼ੁਰੂ ਹੋ ਗਏ ਹਨ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਅਰੁਣ ਸ਼ਰਮਾ ਤੇ ਜੈਆ ਸ਼ਰਮਾ ਨੇ ਦੱਸਿਆ ਕਿ ਇਸੇ ਲੜੀ ਵਿਚ ਮਾਈਫ਼ ਬਲੋਇੰਗ ਫ਼ਿਲਮਜ਼ ਦੇ ਸਹਿਯੋਗ ਤੇ ਬਾਲੀਵੁਡ ਫਿਲਮ ਫੈਸਟੀਵਾਲ 17 ਅਕਤੂਬਰ ਤੋਂ 21 ਅਕਤੂਬਰ ਤਕ ਚੱਲ ਰਿਹਾ ਹੈ ਜਿਸ ਵਿਚ ਭਾਰਤ ਦੇ ਸਮੇਂ ਮੁਤਾਬਕ ਦੁਪਹਿਰੇ 12 ਵਜੇ ਭਾਰਤੀ ਫਿਲਮ ਮੁਫ਼ਤ ਦਿਖਾਈ ਜਾਵੇਗੀ। ਮੈਲਬੌਰਨ ਦੀ ਟ੍ਰੇਨ ਸੰਚਾਲਕ ਕੰਪਨੀ ਮੈਟਰੋ ਤੇ ਸਿਟੀ ਸਕੁਏਅਰ ਦੇ ਸਹਿਯੋਗ ਨਾਲ ਬੁੱਧਵਾਰ ਨੂੰ ਸਾਢੇ ਪੰਜ ਵਜੇ ਫਲਿੰਡਰ ਸਟ੍ਰੀਟ ਸਟੇਸ਼ਨ 'ਤੇ ਡਾਂਸ ਤੇ ਭਾਰਤੀ ਗੀਤਾਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਮੈਲਬੌਰਨ ਦੇ ਕੌਮਾਂਤਰੀ ਹਵਾਈ ਅੱਡੇ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਰਵਾਨਗੀ ਏਰੀਆ ਦੇ ਵਿਚ 18 ਅਕਤੂਬਰ ਤੋਂ 26 ਅਕਤੂਬਰ ਤਕ ਦੀਵਾਲੀ ਮਨਾਈ ਜਾ ਰਹੀ ਹੈ।

ਜਿਸ ਵਿਚ ਇਕ ਮੰਡਲ ਲਾਇਆ ਗਿਆ ਹੈ ਜਿਸ ਵਿਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਗਈਆਂ ਹਨ। ਏਅਰਪੋਰਟ ਦੇ ਹਰੇਕ ਸਪੀਕਰ 'ਤੇ ਹਿੰਦੀ ਤੇ ਅੰਗਰੇਜ਼ੀ ਵਿਚ ਸਭਨਾਂ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੱਤੀ ਜਾ ਰਹੀ ਹੈ। ਨਾਲ ਹੀ ਵੀਰਵਾਰ ਨੂੰ ਸਵੇਰੇ ਏਅਰਪੋਰਟ 'ਤੇ ਯੁੱਧਵੀਰ ਸਿੰਘ ਨੇ ਢੋਲ ਦੇ 'ਤੇ ਅਤੇ ਜਸਵਿੰਦਰ ਸੋਢੀ ਨੇ ਆਪਣੇ ਚਿਮਟੇ ਨਾਲ



ਸਮਾਗਮ ਨੂੰ ਲੈ ਕੇ ਹੋ ਰਹੀ ਤਿਆਰੀ।

ਖੁਸ਼ ਨਰਾਇਆ ਤੇ ਨੀਲਧਰਾ ਗਦਾਨੀ ਦੇ ਡਾਂਸ ਗਰੁੱਪ ਨੇ ਗਰਬਾ ਤੇ ਬਾਲੀਵੁਡ ਡਾਂਸ ਪੇਸ਼ ਕੀਤਾ। ਮੁੱਖ ਮਹਿਮਾਨ ਵਜੋਂ ਸੁਧਾਕਾਂਤ ਬਹੇਰਾ, ਕੌਂਸਲੇਟ ਜਨਰਲ ਆਫ ਇੰਡੀਆ ਇਨ ਮੈਲਬੌਰਨ ਸ਼ਾਮਲ ਸਨ।

ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਇਹ ਇਕ ਵਿਲੱਖਣ ਤਜਰਬਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਜਸ਼ਨ ਹਰੇਕ ਵਰ੍ਹੇ ਮਨਾਏ ਜਾਣਗੇ। ਦੀਵਾਲੀ ਦੇ ਸਬੰਧ ਵਿਚ ਮੈਲਬੌਰਨ ਦੇ ਫੈਡਰੇਸ਼ਨ ਸਕੁਏਅਰ 'ਤੇ 22 ਅਕਤੂਬਰ ਨੂੰ ਇਕ ਜਸ਼ਨ ਮਨਾਇਆ ਜਾ ਰਿਹਾ ਹੈ ਜਿਹੜਾ ਰਾਤੀ 1 ਵਜੇ ਤੋਂ ਲੈ ਕੇ ਰਾਤ 9 ਵਜੇ ਤਕ ਚੱਲੇਗਾ। ਇਸ ਵਿਚ ਭਾਰਤੀ ਸੱਭਿਆਚਾਰ ਦੇ ਵੱਖ ਵੱਖ ਰੰਗ ਪੇਸ਼ ਕੀਤੇ ਜਾਣਗੇ। ਏਐੱਫਐੱਲ ਦੇ ਫੁੱਟੀ ਖਿਡਾਰੀ ਵੀ ਮਹਿਮਾਨਾਂ ਵਜੋਂ ਪੁੱਜ ਰਹੇ ਹਨ। ਇਸ ਲਈ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਮਧੁਮਿਤਾ ਰਾਏ ਕੱਥਕ ਡਾਂਸ ਕੰਪਨੀ ਦੀ 10 ਮੈਂਬਰੀ ਟੀਮ ਵੀ ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨ ਦੇ ਸਹਿਯੋਗ ਨਾਲ ਮੈਲਬੌਰਨ ਪੁੱਜ ਰਹੀ ਹੈ। ਅੰਤ ਵਿਚ ਆਤਸ਼ਬਾਜ਼ੀ ਦਾ ਪ੍ਰਬੰਧ ਹੋਵੇਗਾ।